# Prime Minister’s participation in 47th G7 Summit

June 10, 2021

……………………………………………………………………………………………

## 47ਵੇਂ G 7 ਸਿਖ਼ਰ ਸੰਮੇਲਨ ਵਿੱਚ ਪ੍ਰਧਾਨ ਮੰਤਰੀ ਦੀ ਸ਼ਮੂਲੀਅਤ

10 ਜੂਨ, 2021

1. ਇੰਗਲੈਂਡ ਦੇ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਦੇ ਸੱਦੇ 'ਤੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ 12 ਅਤੇ 13 ਜੂਨ ਨੂੰ G 7 ਸਿਖ਼ਰ ਸੰਮੇਲਨ ਦੇ ਸੰਪਰਕ ਸੈਸ਼ਨਾਂ ਵਿੱਚ ਵਰਚੂਅਲ ਮਾਧਿਅਮ ਰਾਹੀਂ ਹਿੱਸਾ ਲੈਣਗੇ. ਇੰਗਲੈਂਡ ਇਸ ਸਮੇਂ G 7 ਦਾ ਪ੍ਰਧਾਨ ਹੈ ਅਤੇ ਉਸਨੇ ਭਾਰਤ ਤੋਂ ਛੁੱਟ ਆਸਟਰੇਲੀਆ, ਕੋਰੀਆ ਗਣਰਾਜ ਅਤੇ ਦੱਖਣੀ ਅਫਰੀਕਾ ਨੂੰ G 7 ਸਿਖ਼ਰ ਸੰਮੇਲਨ ਵਿੱਚ ਮਹਿਮਾਨ ਦੇਸ਼ਾਂ ਵਜੋਂ ਆਉਣ ਦਾ ਸੱਦਾ ਦਿੱਤਾ ਹੈ। ਇਹ ਬੈਠਕ ਰਲੇਮਿਲੇ ਤਰੀਕੇ ਨਾਲ ਹੋਵੇਗੀ।

2. ਸਿਖ਼ਰ ਸੰਮੇਲਨ ਦਾ ਮੁੱਖ ਵਿਸ਼ਾ ਹੈ ‘BUILD  BACK BETTER' ਅਤੇ ਇੰਗਲੈਂਡ ਨੇ ਆਪਣੀ ਪ੍ਰਧਾਨਗੀ ਲਈ ਚਾਰ ਤਰਜੀਹੀ ਖੇਤਰਾਂ ਦੀ ਰੂਪ ਰੇਖਾ ਦਿੱਤੀ  ਹੈ। ਇਹ  ਹਨ - ਕਰੋਨਾ  ਵਾਇਰਸ ਤੋਂ ਆਲਮੀ ਬਹਾਲੀ ਦੀ ਅਗਵਾਈ ਕਰਨ ਦੇ ਨਾਲ ਨਾਲ ਭਵਿੱਖ ਦੀਆਂ ਮਹਾਂਮਾਰੀਆਂ ਖਿਲਾਫ ਲਚਕੀਲੇਪਣ ਨੂੰ ਮਜ਼ਬੂਤ ਕਰਨਾ, ਖੁੱਲੇ ਅਤੇ ਨਿਰਪੱਖ ਵਪਾਰ ਦੀ ਹਮਾਇਤ ਕਰ ਭਵਿੱਖ ਦੀ ਖੁਸ਼ਹਾਲੀ ਨੂੰ ਹੁਲਾਰਾ ਦੇਣਾ, ਮੌਸਮੀ ਤਬਦੀਲੀ ਨਾਲ ਨਜਿੱਠਣਾ ਅਤੇ ਗ੍ਰਹਿ ਦੀ ਜੈਵ ਵੰਨ ਸੁਵੰਨਤਾ ਨੂੰ ਸੁਰੱਖਿਅਤ ਕਰਨਾ ਅਤੇ ਸਾਂਝੀਆਂ ਕਦਰਾਂ ਕੀਮਤਾਂ ਅਤੇ ਖੁੱਲੇ ਸਮਾਜ ਦੀ ਹਮਾਇਤ ਕਰਨਾ। ਆਗੂਆਂ ਤੋਂ ਭਵਿੱਖ ਵਿੱਚ ਮਹਾਂਮਾਰੀ ਤੋਂ ਆਲਮੀ ਬਹਾਲੀ ਪ੍ਰਾਪਤ ਕਰਨ ‘ਤੇ ਵਿਚਾਰ ਵਟਾਂਦਰਾ ਕਰਨ ਸਮੇਤ ਸਿਹਤ ਅਤੇ ਮੌਸਮੀ ਤਬਦੀਲੀ 'ਤੇ ਧਿਆਨ ਕੇਂਦਰਿਤ ਕਰਨ ਦੀ ਆਸ ਹੈ।

3. ਪ੍ਰਧਾਨ ਮੰਤਰੀ G 7 ਦੀ ਬੈਠਕ ਵਿੱਚ ਦੂਜੀ ਵਾਰ ਹਿੱਸਾ ਲੈਣਗੇ। ਭਾਰਤ ਨੂੰ G 7 ਦੇ ਉਸ ਵੇਲੇ ਦੇ ਪ੍ਰਧਾਨ ਫਰਾਂਸ ਨੇ ਸਾਲ 2019 ਵਿੱਚ ਬਿਅਰਿਟਜ਼ ਸੰਮੇਲਨ ਵਿੱਚ “ਸਦਭਾਵਨਾ ਭਾਈਵਾਲ” ਵਜੋਂ ਸੱਦਾ ਦਿੱਤਾ ਸੀ ਅਤੇ ਪ੍ਰਧਾਨ ਮੰਤਰੀ ਨੇ ‘ਮੌਸਮ, ਜੈਵ ਵੰਨ ਸੁਵੰਨਤਾ ਅਤੇ ਸਮੁੰਦਰ’ ਅਤੇ ‘ਡਿਜੀਟਲ ਤਬਦੀਲੀ’ ਵਿਸ਼ਿਆਂ 'ਤੇ ਹੋਏ ਸੈਸ਼ਨਾਂ ਵਿੱਚ ਹਿੱਸਾ ਲਿਆ ਸੀ।

ਨਵੀਂ ਦਿੱਲੀ

10 ਜੂਨ, 2021

DISCLAIMER: This is an approximate translation. The original is available in English on MEA’s website and may be referred to as the official press release.